# ਨਮੂਨੇ ਦ ਪ੍ਰਸ਼ਨ ਪੱਤਰ

## PUNJABI

## Paper – B

ਅੰਕ :65

ਸੀ.ਸੀ. ਈ. ਅੰਕ:10

ਕੁੱਲ ਅੰਕ:–75

**ਨੋਟ:** (i) ਆਪਣੀ ਉੱਤਰ- ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਲ **72/A** ਜ਼ਰੂਰ ਦਰਜ ਕਰੋ ਜੀ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 26 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ।

(iv) ਕੋਈ ਵਾਧੂ ਸ਼ੀਟ ਨਹੀਂ ਮਿਲੇਗੀ। ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾਂ ਕੱਟੋ।

(v) **ਸਾਰੇ ਪ੍ਰਸ਼ਨ ਜ਼ਰੂਰੀ ਹਨ।**

(vi) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ।

(vii) ਪ੍ਰਸ਼ਨਾਂ ਦੇ ਉੱਤਰ ਪਾਠ-ਪੁਸਤਕਾਂ 'ਤੇ ਅਧਾਰਿਤ ਹੋਣੇ ਚਾਹੀਦੇ ਹਨ।

**1. ਵਸਤੂਨਿਸ਼ਠ ਪ੍ਰਸ਼ਨ:**

ਹੇਠਲੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਤੇ ਪਾਠ ਪੁਸਤਕ ਅਨੁਸਾਰ ਹੋਣੇ ਚਾਹੀਦੇ ਹਨ।

(ੳ) ਪੰਜਾਬੀ ਧੁਨੀਆਂ ਕਿੰਨੇ ਪ੍ਰਕਾਰ ਦੀਆਂ ਹਨ?

(ਅ) ਭਾਸ਼ਾ ਦਾ ਸ਼ੁੱਧ ਤੇ ਮਿਆਰੀ ਰੂਪ ਸਮਝਣ ਲਏ. ਕਿਸ ਚੀਜ਼ ਦੀ ਜ਼ਰੂਰਤ ਹੈ?

(ੲ) 'ੳ' ਅੱਖਰ ਨਾਲ ਕਿਹੜੇ ਨਾਸਿਕੀ ਚਿੰਨ੍ਹ ਦੀ ਵਰਤੋਂ ਹੁੰਦੀ ਹੈ?

(ਸ) ਸੰਵਿਧਾਨਕ ਮਾਨਤਾ ਪ੍ਰਾਪਤ ਕਿਸੇ ਦੋ ਭਾਰਤੀ ਭਾਸ਼ਾਵਾਂ ਦੇ ਨਾਂ ਦੱਸੋ?

(ਹ) ਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ?

(ਕ) ਹੈਰਾਨੀ, ਖ਼ੁਸ਼ੀ ਪ੍ਰਗਟ ਕਰਨ ਵਾਲੇ ਵਾਕ ਦੇ ਅੰਤ ਵਿੱਚ ਕਿਹੜਾ ਚਿੰਨ ਲੱਗਦਾ ਹੈ?

(ਖ) 'ਮੀਂਹ ਪੈ ਰਿਹਾ ਸੀ' ਵਾਕ ਕਿਹੜੇ ਕਾਲ ਨਾਲ਼ ਸਬੰਧਤ ਹੈ?

(ਗ) ਪੰਜਾਬੀ ਭਾਸ਼ਾ ਦੀ ਲਿਪੀ ਦਾ ਕੀ ਨਾਂ ਹੈ?

(ਘ) ਸੁਰੀਲਾ, ਸਾਫ਼, ਕਿ; ਕਿਸਮ ਦਾ ਵਿਸ਼ੇਸ਼ਣ ਹੈ?

(ਙ) 'ਗੁਲਾਮੀ ' ਦਾ ਵਿਰੋਧੀ ਸ਼ਬਦ ਲਿਖੋ। 10

2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ ਲੱਪਭਗ 400 ਸ਼ਬਦਾਂ ਵਿੱਚ ਲੇਖ ਲਿਖੋ।

(ੳ) ਕਰਤਾਰ ਸਿੰਘ ਸਰਾਭਾ (ਅ) ਅੱਖੀ ਡਿੱਠਾ ਮੇਲਾ

(ਸ) ਅਜੋਕੇ ਸਮੇਂ ਵਿੱਚ ਵੱਧ ਰਹੇ ਨਸ਼ੇ (ੲ) ਕਿਸੇ ਇਤਿਹਾਸਕ ਸਥਾਨ ਦੀ ਸੈਰ

(ਹ) ਬਿਜਲੀ ਦੀ ਬੱਚਤ। **10**

3. ਕਿਸੇ ਕਿਤਾਬਾਂ ਵੇਚਣ ਵਾਲੇ ਦੁਕਾਨਦਾਰ ਨੂੰ ਆਪਣੀ ਜ਼ਰੂਰਤ ਦੱਸਦੇ ਹੋਏ ਪੁਸਤਕਾਂ ਮੰਗਾਉਣ ਲਈ ਪੱਤਰ ਲਿਖੋ।

ਜਾਂ

ਕਿਸੇ ਪ੍ਰਾਈਵੇਟ ਕੰਪਨੀ ਦੇ ਮੈਨੇਜਰ ਨੂੰ ਆਪਣੀ ਯੋਗਤਾ ਬਾਰੇ ਦੱਸਕੇ ਪੁਸਤਕਾਂ ਮੰਗਾਉਣ ਲਈ ਪੱਤਰ ਲਿਖੋ। **2+4+1=7**

4. ਹੇਠ ਲਿਖੇ ਪੈਰ੍ਹੇ ਦੀ ਸੰਖੇਪ-ਰਚਨਾ ਇੱਕ-ਤਿਹਾਈ ਸ਼ਬਦਾਂ ਵਿੱਚ ਲਿਖੋ ਤੇ ਢੁੱਕਵਾਂ ਸਿਰਲੇਖ ਵੀ ਦਿਓ।

ਚੰਗੀਆਂ ਪੁਸਤਕਾਂ ਮਨੁੱਖ ਲਈ ਵਰਦਾਨ ਹਨ। ਜਦੋਂ ਦੁੱਖਾਂ ਮੁਸੀਬਤਾਂ ਦੇ ਕਾਲੇ ਬੱਦਲ ਸਾਡੇ ਜੀਵਨ ਨੂੰ ਹਨੇਰੀ ਬੁੱਕਲ ਵਿੱਚ ਲਪੇਟ ਲੈਂਦੇ ਹਨ ਅਤੇ ਸਾਡੇ ਸੰਗੀ-ਸਾਥੀ ਤੇ ਮਿੱਤਰ-ਦੋਸਤ ਸਾਥ ਛੱਡ ਜਾਂਦੇ ਹਨ ਤਾਂ ਇਹ ਪੁਸਤਕਾਂ ਆਪਣੇ ਮਿੱਠੇ ਅਤੇ ਸਿਆਣੇ ਬੋਲਾਂ ਨਾਲ ਸਾਡਾ ਹੌਂਸਲਾ ਵਧਾਉਂਦੀਆਂ ਹਨ, ਦਿਲਾਸਾ ਤੇ ਗਿਆਨ ਵਧਾਉਂਦੀਆਂ ਹਨ। ਸਾਨੂੰ ਦ੍ਰਿੜਤਾ ਨਾਲ ਜਿਊਂਣ ਦੀ ਜਾਚ ਦੱਸਦੀਆਂ ਹਨ। ਮਨੁੱਖ ਦੀ ਹਜ਼ਾਰਾਂ ਵਰ੍ਹਿਆਂ ਦੀ ਸਿਆਣਪ ਅਤੇ ਤਜ਼ਰਬਿਆਂ ਦਾ ਨਿਚੋੜ ਇਨ੍ਹਾਂ ਵਿੱਚ ਛੁਪਿਆ ਹੁੰਦਾ ਹੈ। ਇਨ੍ਹਾਂ ਦੇ ਬੂਹੇ ਹਰ ਛੋਟੇ- ਵੱਡੇ, ਉੱਚੇ -ਨੀਵੇ, ਅਮੀਰ-ਗਰੀਬ ਲਈ ਸਦਾ ਖੁਲ੍ਹੇ ਰਹਿੰਦੇ ਹਨ। ਇਹ ਸਾਨੂੰ ਇੱਥ ਅਜਿਹੀ ਦੌਲਤ ਨਾਲ਼ ਮਾਲੋ-ਮਾਲ ਕਰਦੀਆਂ ਹਨ ਜਿਸਨੂੰ ਚੋਰ ਚੁਰਾ ਨਹੀਂ ਸਕਦਾ, ਪਾਣੀ ਰੋੜ੍ਹ ਨਹੀਂ ਸਕਦਾ, ਅੱਗ ਸਾੜ ਨਹੀਂ ਸਕਦੀ। ਚੰਗੀਆਂ ਪੁਸਤਕਾਂ ਮਨੁੱਖ ਦੀਆਂ ਸੱਚੀਆਂ ਦੋਸਤ ਹੁੰਦੀਆਂ ਹਨ। ਵੱਡੇ ਭਾਗਾਂ ਵਾਲੇ ਹਨ ਉਹ ਲੋਕ ਜਿਨ੍ਹਾ ਨੂੰ ਉੱਤਮ ਪੁਸਤਕਾਂ ਪੜ੍ਹਨ ਦਾ ਸ਼ੌਕ ਹੈ। 5+1=6

5. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ:

ਅਜਿਹੀ ਕੋਈ ਸਮੱਸਿਆਂ ਨਹੀਂ ਜਿਹੜੀ ਵਿੱਦਿਆ ਦੁਆਰਾ ਸੁਲਝਾਏ. ਨਾ ਜਾ ਸਕੇ। ਵਿੱਦਿਆਂ ਇੱਕ ਅਜਿਹੀ ਕੁੰਜ਼ੀ ਹੈ ਜੋ ਹਰ ਮੁਸ਼ਕਲ ਰੂਪੀ ਜਿੰਦਰੇ ਨੂੰ ਖੋਲ੍ਹ ਸਕਦੀ ਹੈ, ਪਰ ਇਹ ਤਾਂ ਹੀ ਸੰਭਵ ਹੈ ਜੇਕਰ ਅਸੀਂ ਠੀਕ ਢੰਗ ਦੀ ਵਿੱਦਿਆ ਪ੍ਰਾਪਤ ਕਰੀਏ। ਜਿਹੜੀ ਸਿੱਖਿਆ ਸਮੇਂ ਦੇ ਸਮਾਜ ਨਾਲੋਂ ਟੁੱਟੀ ਹੋਵੇਗੀ, ਉਹ ਸਾਡਾ ਭਲਾ ਨਹੀਂ ਕਰ ਸਕਦੀ। ਸਮਾਜਿਕ ਬੁਰਾਏ.ਆਂ ਦੂਰ ਕਰਨ ਲਈ ਵੀ ਠੀਕ ਢੰਗ ਵਾਲੀ ਸਿੱਖਿਆ ਹੀ ਕੰਮ ਆਉਂਦੀ ਹੈ। ਸਿੱਖਿਆ ਵਿਸ਼ਾਲ ਅਤੇ ਸਰਬੱਤ ਦੇ ਭਲੇ ਲਈ ਹੀ ਹੋਵੇ। ਸਾਡੀਆਂ ਬਹੁਤ ਸਾਰੀਆਂ ਸਮੱਸਿਆਵਾਂ ਇਹੋ-ਜਿਹੀਆਂ ਹਨ ਜੋ ਕੇਵਲ ਅਗਿਆਨਤਾ ਅਤੇ ਅਨਪੜ੍ਹਤਾਂ ਕਾਰਨ ਹੀ ਹਨ। ਜਿਵੇਂ ਛੂਤ-ਛਾਤ,ਇਸਤਰੀ ਦੀ ਦਸ਼ਾ, ਬਾਲ

ਵਿਆਹ,ਭਰੂਣ ਹੱਤਿਆ ਅਤੇ ਵਧ ਰਹੀ ਅਬਾਦੀ ਦੀਆਂ ਸਮੱਸਿਆਵਾਂ ਕੁਝ ਅਜਿਹੀਆਂ ਹਨ ਜੋ ਅੰਧ-ਵਿਸ਼ਵਾਸ ਕਰਕੇ ਹੀ ਚਲੀਆਂ ਆਉਂਦੀਆਂ ਹਨ। ਅਸੀਂ ਵੇਖ ਰਹੇ ਹਾਂ ਕਿ ਜਿਵੇਂ ਵਿਦਿਆ ਦਾ ਚਾਨਣ ਵਧ ਰਿਹਾ ਹੈ, ਇਹ ਬਿਮਾਰੀਆਂ, ਤਿਵੇਂ-ਤਿਵੇਂ ਘਟਦੀਆਂ ਜਾ ਰਹੀਆਂ ਹਨ। ਜਿਹੜੀਆਂ ਥਾਵਾਂ ਤੇ ਵਿੱਦਿਆ ਸੰਕੀਰਨ ਅਤੇ ਗਲਤ ਢੰਗ ਦੀ ਹੈ, ਉਥੇ ਉਹ ਸਮੱਸਿਆਵਾਂ ਨੂੰ ਸੁਲਝਾਉਣ ਵਿੱਚ ਸਫਲ ਨਹੀਂ ਹੋ ਸਕੀ। ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੀ ਸਿੱਖਿਆ ਪ੍ਣਾਲੀ ਨੂੰ ਸਮਾਜਿਕ,ਆਰਥਿਕ ਸੱਭਿਆਚਾਰਕ ਠਤੇ ਸਬੰਧਿਤ ਵਾਤਾਵਰਨ ਨਾਲ ਜੋੜਨ ਲਈ ਯਤਨਸ਼ੀਲ ਹੋਈਏ।

**ਪ੍ਰਸ਼ਨ**

(i) ਵਿੱਦਿਆ ਕਿਸ ਤਰ੍ਹਾਂ ਦੀ ਕੁੰਜੀ ਹੈ?

(ii) ਸਮਾਜਿਕ ਸਮੱਸਿਆਵਾਂ ਕਿਹੜੀਆਂ ਹਨ?

(iii) ਉਹ ਕਿਹੜੀਆਂ ਗੱਲਾਂ ਹਨ ਜਿਨ੍ਹਾਂ ਕਰਕੇ ਸਮਾਜਿਕ ਸਮੱਸਿਆਵਾਂ ਫੈਲੀਆਂ ਹੋਈਆ ਹਨ?

(iv) ਸਿੱਖਿਆ-ਪ੍ਣਾਲੀ ਨੂੰ ਕਿਸ ਤਰ੍ਹਾਂ ਬਣਾਉਣ ਦੀ ਜ਼ਰੂਰਤ ਹੈ? 1+1+1+1=4

6. ਹੇਠ ਲਿਖੇ ਮੁਹਾਵਰਿਆ ਵਿੱਚੋਂ ਕਿਸੇ ਪੰਜ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਅਰਥ ਸਪੱਸ਼ਟ ਹੋ ਜਾਣ।

ਉਸਤਾਦੀ ਕਰਨੀ, ਸੱਜੀ ਬਾਂਹ ਹੋਣਾ, ਦਿਨ ਰਾਤ ਇੱਕ ਕਰਨਾ, ਮੁੱਠੀ ਗਰਮ ਕਰਨੀ, ਈਨ ਮੰਨਣਾ, ਢਾਹ ਲੱਗਣੀ, ਗਊ ਪੁੰਨ ਦੀ ਦੰਦ ਕੌਣ ਗਿਣੇ, ਬੁਲ੍ਹੇ ਲੁੱਟਣਾ, ਭੁੱਖੇ ਸ਼ੇਰ ਵਾਂਗ ਪੈਣਾ, ਭਾਨੀ ਮਾਰਨੀ। 2+2+2+2+2=10

7. ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ:

ਖਬਰਦਾਰ ਜੇ ਮੇਰੀ ਗੇਂਦ ਨੂੰ ਹੱਥ ਲਾਇਆ ਜੀਤੀ ਨੇ ਕੜਕ ਕੇ ਆਖਿਆ **2**

8. ਹੇਠ ਲਿਖੇ ਪ੍ਰਸ਼ਨਾ ਦੇ ਸੰਖੇਪ ਉੱਤਰ ਦਿਓ।

(ੳ) ਭਾਸ਼ਾ ਸਿੱਖਣ ਲਈ ਵਿਆਕਰਨ ਦੀ ਕੀ ਮਹੱਤਤਾ ਹੈ?

(ਅ) ਸਾਹਿਤ ਜਾਂ ਮਿਆਰੀ ਭਾਸ਼ਾ ਦੀ ਪ੍ਰੀਭਾਸ਼ਾ ਲਿਖੋ।

(ੲ) ਪੰਜਾਬੀ ਦੀਆਂ ਚਾਰ ਉਪਬੋਲੀਆਂ ਦੇ ਨਾਂ ਦੱਸੋ। 1+1+1=3

9. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ।

(ੳ) ਪੰਜਾਬੀ ਵਿੱਚ ਲਘੂ (ਹ੍ਰਸਵ) ਸ੍ਵਰ ਧੁਨੀਆਂ ਕਿਹੜੀਆਂ -ਕਿਹੜੀਆਂ ਹਨ?

(ਅ) ਨਾਸਿਕੀ ਧੁਨੀਆਂ ਦੀ ਪਰਿਭਾਸ਼ਾ ਲਿਖੋ। 1+1=2

10. (ੳ) ਕਾਲ ਜਾਂ ਕਿਰਿਆ ਦੀ ਪਰਿਭਾਸ਼ਾ ਉਦਾਹਰਨਾ ਸਹਿਤ ਲਿਖੋ।

(ਅ) ਭਾਵ ਵਾਚਕ ਨਾਂਵ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਲਿਖੋ। 2+2=4

11. ਹੇਠ ਲਿਖੇ ਵਾਕਾਂ ਦੇ ਲਿੰਗ ਤੇ ਵਚਨ ਬਦਲ ਕੇ ਦੋ ਵੱਖੋ-ਵੱਖਰੇ ਵਾਕਾਂ ਵਿੱਚ ਦੁਬਾਰਾ ਲਿਖੋ:

ਮੇਲੇ ਵਿੱਚ ਮੁਟਿਆਰਾਂ ਗਿੱਧਾ ਪਾ ਰਹੀਆਂ ਸਨ। 1+1=2

12. ਹੇਠ ਲਿਖੇ ਵਾਕਾਂ ਨੂੰ ਭੂਤਕਾਲ ਤੇ ਭਵਿੱਖ ਕਾਲ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ:

ਉਹ ਹਮੇਸ਼ਾਂ ਇਮਾਨਦਾਰੀ ਨਾਲ਼ ਕੰਮ ਕਰਦਾ ਹੈ। 1+1=2

13. (ੳ) 'ਹਾਰ' ਸ਼ਬਦ ਦੇ ਵੱਖ-ਵੱਖ ਅਰਥ ਦਰਸਸਾਉਂਦੇ ਦੋ ਵਾਕ ਬਣਾਓ।

(ਅ) 'ਉਪਯੋਗ' ਸ਼ਬਦ ਦੇ ਦੋ ਸਮਾਨਅਰਥਕ ਸ਼ਬਦ ਲਿਖੋ।

(ੲ) 'ਆਪਣੇ ਜੀਵਨ ਦਾ ਹਾਲ ਲਿਖਣਾ' ਵਾਕ ਲਈ ਇੱਕ ਢੁੱਕਵਾਂ ਸ਼ਬਦ ਲਿਖੋ। 1+1+1=3